**Shikshan Sanshodhan : Journal of Arts, Humanities and Social Sciences** ISSN(o): 2581-6241
Monthly, Peer-Reviewed, Refereed, Indexed Journal Impact Factor: 7.384
Volume - 8, Issue - 3, March - 2025

DOIs:10.2018/SS/202503010 --:-- Research Paper / Article / Review

# 'ਘਰ ਜਾ ਆਪਣੇ' ਅਤੇ 'ਸਤੀਆ ਸੇਈ' ਕਹਾਣੀਆਂ ਵਿਚ ਪ੍ਰਸਤੁਤ ਔਰਤ

**ਪ੍ਰੋ. ਮਨਦੀਪ ਕੌਰ**
ਸਹਾਇਕ ਪ੍ਰੋਫੈਸਰ, ਤ੍ਰੈ-ਸ਼ਤਾਬਦੀ ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ, ਅੰਮ੍ਰਿਤਸਰ।
E-mail: buttarmk88@gmail.com

***ਸਾਰ* (Abstract):** ਗੁਲਜ਼ਾਰ ਸਿੰਘ ਸੰਧੂ ਪੰਜਾਬੀ ਸਾਹਿਤਕਾਰਾਂ ਵਿਚ ਸਿਰ ਕੱਢ ਨਾਮ ਰੱਖਣ ਵਾਲਾ ਲੇਖਕ ਹੈ। ਉਸ ਦੁਆਰਾ ਰਚਿਤ ਕਹਾਣੀ 'ਘਰ ਜਾ ਆਪਣੇ' ਵਿਚ ਪੰਜਾਬੀ ਸਭਿਆਚਾਰ ਅਤੇ ਖ਼ਾਸ ਤੌਰ 'ਤੇ ਪੇਂਡੂ ਸਭਿਆਚਾਰ ਦੇ ਚਿਤਰਨ ਨੂੰ ਪ੍ਰਸਤੁਤ ਕੀਤਾ ਹੈ। ਇਹ ਕਹਾਣੀ ਜਿਸ ਦਾ ਸਿਰਲੇਖ ਘਰ ਜਾ ਆਪਣੇ ਔਰਤ ਦੀ ਪੰਜਾਬੀ ਸਮਾਜ ਵਿਚ ਦੁਜੈਲੀ ਸਥਿਤੀ ਨੂੰ ਪ੍ਰਸਤੁਤ ਕਰਦਾ ਹੈ ਭਾਵ ਔਰਤ ਦਾ ਜਿਸ ਘਰ ਜਨਮ ਹੁੰਦਾ ਹੈ ਉਸ ਉੱਪਰ ਉਸ ਦਾ ਕੋਈ ਅਧਿਕਾਰ ਨਹੀਂ ਸਮਝਿਆ ਜਾਂਦਾ। ਪੰਜਾਬੀ ਸਮਾਜ ਔਰਤ/ਲੜਕੀ ਨੂੰ ਹਮੇਸ਼ਾ ਬੇਗਾਨੇ ਧਨ ਦੇ ਤੌਰ ਤੇ ਸੰਬੋਧਿਤ ਕੀਤਾ ਜਾਂਦਾ ਹੈ ਅਤੇ ਉਸ ਦੇ ਜਨਮ ਦਾ ਕਾਰਨ ਕੋਈ ਪੁਰਾਣਾ ਸੂਦ ਸਮਝਿਆ ਜਾਂਦਾ ਹੈ। 'ਸਤੀਆ ਸੇਈ' ਕਹਾਣੀ ਪੰਜਾਬੀ ਸਾਹਿਤ ਦੇ ਖੇਤਰ ਦੀ ਮਕਬੂਲ ਕਹਾਣੀਕਾਰਾ ਦਲੀਪ ਕੌਰ ਟਿਵਾਣਾ ਵੱਲੋਂ ਲਿਖੀ ਗਈ ਹੈ। ਦਲੀਪ ਕੌਰ ਟਿਵਾਣਾ ਦੀ ਕਹਾਣੀ "ਸਤੀਆ ਸੇਈ" ਇਕ ਔਰਤ ਦੀ ਅਟੱਲਤਾ, ਆਤਮ-ਗੌਰਵ ਅਤੇ ਤਿਆਗ ਦਾ ਪ੍ਰਸਤੁਤੀਕਰਨ ਹੈ। ਇਹ ਕਹਾਣੀ ਸ਼ਹੀਦ ਭਗਤ ਸਿੰਘ ਦੀ ਮੰਗੇਤਰ ਦੇ ਜੀਵਨ ਉੱਤੇ ਆਧਾਰਤ ਹੈ, ਜੋ ਉਸ ਦੀ ਸ਼ਹਾਦਤ ਤੋਂ ਬਾਅਦ ਵੀ ਪਿਆਰ, ਉਡੀਕ ਅਤੇ ਸੰਘਰਸ਼ ਨਾਲ ਭਰੀ ਹੋਈ ਜ਼ਿੰਦਗੀ ਗੁਜ਼ਾਰਦੀ ਹੈ। ਇਸ ਕਹਾਣੀ ਨੂੰ ਔਰਤ ਦੀ ਮਾਨਸਿਕਤਾ ਦੇ ਪ੍ਰਸੰਗ ਤੋਂ ਵਾਚਿਆ ਜਾ ਸਕਦਾ ਹੈ। ਇਹ ਸਮੁੱਚੀ ਕਹਾਣੀ ਭਾਰਤੀ ਸਮਾਜ ਦੀ ਪਰੰਪਰਾ ਔਰਤ ਦੇ ਆਪਣੇ ਪਤੀ ਦੀ ਲਾਸ਼ ਨਾਲ ਸੜ ਕੇ ਸਤੀ ਹੋਣ ਨੂੰ ਨਵੇਂ ਅਰਥਾਂ ਵਿਚ ਪਰਿਭਾਸ਼ਤ ਕਰਦੀ ਹੈ। ਕਹਾਣੀਕਾਰਾ ਨੇ ਕਹਾਣੀ ਦੀ ਮੁੱਖ ਪਾਤਰ ਸ਼ਹੀਦ ਭਗਤ ਸਿੰਘ ਦੀ ਮੰਗੇਤਰ ਦੇ ਮਨ ਦੀਆਂ ਭਾਵਨਾਵਾਂ ਨੂੰ ਬੜੇ ਹੀ ਭਾਵਪੂਰਨ ਢੰਗ ਨਾਲ ਵਿਅਕਤ ਕੀਤਾ ਹੈ।

***ਕੀਵਰਡ*(Keyword):** ਘਰ ਜਾ ਆਪਣੇ, ਔਰਤ, ਪੇਂਡੂ ਸਭਿਆਚਾਰ, ਪੰਜਾਬੀ ਸਮਾਜ, ਸਤੀਆ ਸੇਈ, ਸਤੀ, ਮਾਨਸਿਕਤਾ, ਮਨੋਭਾਵਨਾ, ਪਤੀ।

ਸਾਹਿਤ ਸਮਾਜ ਦਾ ਸ਼ੀਸ਼ਾ ਹੈ ਜਿਸ ਵਿਚੋਂ ਸਮਾਜ ਦਾ ਅਕਸ ਵੇਖਿਆ ਜਾ ਸਕਦਾ ਹੈ। ਇਸ ਵਿਚ ਮਨੁੱਖੀ ਭਾਵਨਾਵਾਂ, ਵਲਵਲੇ, ਅਕਾਂਖਿਆਵਾਂ ਅਤੇ ਅਨੁਭਵ ਸ਼ਾਮਲ ਹੁੰਦੇ ਹਨ। ਸਾਹਿਤ ਦਾ ਰਚੇਤਾ ਮਨੁੱਖ ਹੁੰਦਾ ਹੈ ਜੋ ਸਮਾਜ ਦਾ ਹੀ ਵਸਨੀਕ ਹੁੰਦਾ ਹੈ। ਉਹ ਆਪਣੇ ਅਨੁਭਵ ਵਿਚੋਂ ਸਮਾਜ ਦੀਆਂ ਸਮੱਸਿਆਵਾਂ ਨੂੰ ਸ਼ਬਦਾਂ ਦੇ ਚਿੱਤਰ ਰਾਹੀਂ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ ਵਿਚ ਪ੍ਰਸਤੁਤ ਕਰਦਾ ਹੈ। ਇਨ੍ਹਾਂ ਵੰਨਗੀਆਂ ਵਿਚ ਸਭ ਤੋਂ ਮਕਬੂਲ ਵੰਨਗੀ ਕਹਾਣੀ ਹੈ, ਜਿਸ ਵਿਚ ਸਾਧਾਰਨ ਮਨੁੱਖ ਦੇ ਮਾਨਵੀ ਸੰਦਰਭ ਨੂੰ ਪ੍ਰਸਤੁਤ ਕੀਤਾ ਗਿਆ ਹੁੰਦਾ ਹੈ। ਹਥਲੇ ਖੋਜ-ਪੱਤਰ ਦਾ ਮੂਲ ਮਨੋਰਥ 'ਘਰ ਜਾ ਆਪਣੇ' ਅਤੇ ਸਤੀਆ ਸੇਈ' ਕਹਾਣੀਆਂ ਵਿਚ ਪ੍ਰਸਤੁਤ ਔਰਤ ਦੀ ਸਥਿਤੀ ਦਾ ਮੁਤਾਲਿਆ ਕਰਨਾ ਹੈ।

**I**

ਗੁਲਜ਼ਾਰ ਸਿੰਘ ਸੰਧੂ ਪੰਜਾਬੀ ਸਾਹਿਤਕਾਰਾਂ ਵਿਚ ਸਿਰ ਕੱਢ ਨਾਮ ਰੱਖਣ ਵਾਲਾ ਲੇਖਕ ਹੈ। ਉਸ ਦੁਆਰਾ ਰਚਿਤ ਕਹਾਣੀ 'ਘਰ ਜਾ ਆਪਣੇ' ਵਿਚ ਪੰਜਾਬੀ ਸਭਿਆਚਾਰ ਅਤੇ ਖ਼ਾਸ ਤੌਰ 'ਤੇ ਪੇਂਡੂ ਸਭਿਆਚਾਰ ਦੇ ਚਿਤਰਨ ਨੂੰ ਪ੍ਰਸਤੁਤ ਕੀਤਾ ਹੈ। ਇਹ ਕਹਾਣੀ ਜਿਸ ਦਾ ਸਿਰਲੇਖ ਘਰ ਜਾ ਆਪਣੇ ਔਰਤ ਦੀ ਪੰਜਾਬੀ ਸਮਾਜ ਵਿਚ ਦੁਜੈਲੀ ਸਥਿਤੀ ਨੂੰ ਪ੍ਰਸਤੁਤ ਕਰਦਾ ਹੈ ਭਾਵ ਔਰਤ ਦਾ ਜਿਸ ਘਰ ਜਨਮ ਹੁੰਦਾ ਹੈ ਉਸ ਉੱਪਰ ਉਸ ਦਾ ਕੋਈ ਅਧਿਕਾਰ ਨਹੀਂ ਸਮਝਿਆ ਜਾਂਦਾ। ਪੰਜਾਬੀ ਸਮਾਜ ਔਰਤ/ਲੜਕੀ ਨੂੰ ਹਮੇਸ਼ਾ ਬੇਗਾਨੇ ਧਨ ਦੇ ਤੌਰ ਤੇ ਸੰਬੋਧਿਤ ਕੀਤਾ ਜਾਂਦਾ ਹੈ ਅਤੇ ਉਸ ਦੇ ਜਨਮ ਦਾ ਕਾਰਨ ਕੋਈ ਪੁਰਾਣਾ ਸੂਦ ਸਮਝਿਆ ਜਾਂਦਾ ਹੈ। ਪੰਜਾਬੀ ਸਮਾਜ ਵਿਚ ਔਰਤ ਉੱਪਰ ਮਰਦ ਸਮਾਜ ਆਪਣੀ ਇੱਛਾ ਥੋਪਦਾ ਆਇਆ। ਵਿਆਹ ਨਿਯਤ ਕਰਨ

ਸਮੇਂ ਵੀ ਉਸ ਦੇ ਪੁੱਛੇ ਬਿਨਾ ਕਰ ਦਿੱਤਾ ਜਾਂਦਾ ਹੈ। ਕਹਾਣੀ ਵਿਚਲੀ ਪਾਤਰ ਜੀਤੋ ਦਾ ਵਿਆਹ ਉਸ ਦੇ ਖੇਡਣ ਮੱਲਣ ਦੀ ਉਮਰ ਵਿਚ ਹੀ ਕਰ ਦਿੱਤਾ ਗਿਆ।

> ਜੀਤੋ ਨੂੰ ਸਵੇਰੇ ਤੜਕੇ ਉਠਾ ਕੇ ਫੇਰਿਆਂ ਵਾਲਾ ਲਾਲ ਸੂਟ ਪਹਿਨਾਇਆ ਗਿਆ ਲਾਲ ਪਰਾਂਦਾ ਉਸ ਦੀ ਗੁੱਤ ਵਿਚ ਗੁੰਦਿਆਂ ਗਿਆ। ਕੁਝ ਸਹੁਰਿਆਂ ਤੇ ਕੁਝ ਨਾਨਕਿਆਂ ਤੋਂ ਆਏ ਕਈ ਪ੍ਰਕਾਰ ਦੇ ਗਹਿਣਿਆਂ ਨਾਲ ਸ਼ਿੰਗਾਰ ਦਿੱਤਾ ਗਿਆ।[1]

ਪੰਜਾਬੀ ਸਮਾਜ ਵਿਚ ਲੜਕੀ ਨੂੰ ਹਮੇਸ਼ਾ ਸਿਰ ਦਾ ਭਾਰ ਹੀ ਸਮਝਿਆ ਜਾਂਦਾ ਰਿਹਾ ਹੈ ਅਤੇ ਉਸ ਦੇ ਵਿਆਹ ਨੂੰ ਵੀ ਪੁੰਨ ਨਾਲ ਜੋੜਿਆ ਜਾਂਦਾ ਹੈ। ਕਹਾਣੀ ਦੀ ਪਾਤਰ ਜੀਤੋ ਦੇ ਵਿਆਹ ਨੂੰ ਉਸ ਦੇ ਰਿਸ਼ਤੇਦਾਰ ਅਤੇ ਜਾਣਨ ਵਾਲੇ ਪੁੰਨ ਕਹਿ ਕੇ ਸੰਬੋਧਨ ਕਰਦੇ ਹਨ।

> ਕਿਸੇ ਦੀ ਜੀਤੋ ਭਾਣਜੀ ਸੀ। ਕਿਸੇ ਦੀ ਭਤੀਜੀ ਸੀ। ਕਿਸੇ ਦੀ ਜੀਤੋ ਨਣਾਨ ਸੀ, ਕਿਸੇ ਦੀ ਜੀਤੋ ਪੋਤਰੀ ਤੇ ਕਿਸੇ ਦੀ ਦੋਹਤਰੀ ਸੀ। ਇਕ ਜੀਤੋ ਨੂੰ ਵਿਆਹਿਆ ਸਭ ਦਾ ਪੁੰਨ ਹੁੰਦਾ ਸੀ ਤੇ ਸਾਰਿਆਂ ਦੇ ਸਿਰ ਦਾ ਬੋਝ ਹੌਲਾ ਹੁੰਦਾ ਸੀ।[2]

'ਘਰ ਜਾ ਆਪਣੇ' ਕਹਾਣੀ ਵਿਆਹ ਦੇ ਮਾਹੌਲ ਅਤੇ ਰਿਸ਼ਤਿਆਂ ਦੀ ਭੂਮਿਕਾ ਨੂੰ ਵੀ ਔਰਤ ਦੇ ਸੰਦਰਭ ਵਿਚ ਉਜਾਗਰ ਕਰਦੀ ਹੈ। ਇਸ ਕਹਾਣੀ ਵਿਚ ਔਰਤ ਨੂੰ ਉਸ ਦੇ ਵਿਆਹ ਸਮੇਂ ਹੀ ਸਮਾਜਕ ਅਤੇ ਧਾਰਮਿਕ ਪੱਧਰ ਤੇ ਪਤੀ ਦੇ ਉੱਚ ਭਾਵ ਮਰਦ ਦਾ ਉੱਚਾ ਰੁਤਬਾ ਹੋਣ ਦਾ ਅਹਿਸਾਸ ਕਰਾਇਆ ਜਾਂਦਾ ਹੈ ਅਤੇ ਉਸ ਨੂੰ ਸਿੱਖਿਆ ਦਿੱਤੀ ਜਾਂਦੀ ਹੈ ਕਿ ਉਸ ਨੇ ਆਪਣੇ ਮਰਦ/ਪਤੀ ਨੂੰ ਪਰਮੇਸ਼ਰ ਸਮਝਣਾ ਹੈ ਅਤੇ ਹਮੇਸ਼ਾ ਉਸ ਦੇ ਅਨੁਸਾਰ ਜੀਵਨ ਬਸਰ ਕਰਨਾ ਹੈ। ਇਸ ਕਹਾਣੀ ਦੀ ਪਾਤਰ ਜੀਤੋ ਨੂੰ ਆਨੰਦ ਕਾਰਜ ਵਾਲਾ ਭਾਈ ਸਹੁਰੇ ਘਰ ਅਧੀਨਗੀ ਅਤੇ ਪਤੀ ਨੂੰ ਪਰਮੇਸ਼ਰ ਸਮਝਣ ਦੀ ਸਿੱਖਿਆ ਦਿੰਦਾ ਹੈ।

> ਅਨੰਦ ਕਾਰਜ ਕਰਾਉਣ ਵਾਲਾ ਭਾਈ ਉਸ ਨੂੰ ਸਿੱਖਿਆ ਦੇ ਰਿਹਾ ਸੀ ਕਿ ਹੁਣ ਜੀਤੋ ਨੇ ਆਪਣੇ ਮਾਪੇ ਛੱਡ ਕੇ ਆਪਣੇ ਸਹੁਰੇ ਘਰ ਚਲੇ ਜਾਣਾ ਸੀ ਉੱਥੋਂ ਉਸ ਲਈ ਉਸ ਦਾ ਪਤੀ ਹੀ ਪਰਮੇਸ਼ਰ ਸੀ। ਉਸ ਨੂੰ ਹਰ ਕੰਮ ਵਿਚ ਉਸ ਦੀ ਸਲਾਹ ਲੈਣੀ ਚਾਹੀਦੀ ਸੀ। ਉਸ ਨੂੰ ਪੁੱਛੇ ਬਿਨਾ ਆਪਣੀ ਮਰਜ਼ੀ ਨਾਲ ਕੋਈ ਕੰਮ ਨਹੀਂ ਸੀ ਕਰਨਾ। ਪਤੀ ਪਰਮੇਸ਼ਰ ਨੂੰ ਖ਼ੁਸ਼ ਰੱਖਣਾ ਸੀ ਤੇ ਅਜਿਹਾ ਕਰਨ ਲਈ ਉਸ ਨਿਵਨ, ਖਿਵਨ ਆਦਿ ਗੁਣ ਪੈਦਾ ਕਰਨ ਲਈ ਪ੍ਰੇਰਿਆ ਜਾ ਰਿਹਾ ਸੀ।[3]

ਕਹਾਣੀ ਵਿਚ ਲਾਵਾਂ ਵੇਲੇ ਭਾਈ ਜੀ ਵੱਲੋਂ ਧਾਰਮਿਕ ਸਤਰਾਂ ਦਾ ਸਹਾਰਾ ਲੈ ਕੇ ਦਿੱਤੀ ਜਾ ਰਹੀ ਸਿੱਖਿਆ ਅਨੁਸਾਰ ਵੀ ਔਰਤ ਦੇ ਦੂਜੈਲੇ ਦਰਜੇ ਨੂੰ ਪ੍ਰਸਤੁਤ ਕੀਤਾ ਗਿਆ ਹੈ। ਹਾਲਾਂਕਿ ਗੁਰਬਾਣੀ ਅਨੁਸਾਰ ਔਰਤ ਦਾ ਦਰਜਾ ਸਭ ਉੱਚਾ ਮੰਨਿਆ ਗਿਆ ਹੈ ਅਤੇ ਉਸ ਨੂੰ ਜਣਨੀ ਕਿਹਾ ਗਿਆ। ਪਰੰਤੂ ਸਾਡੇ ਸਮਾਜ ਦੀ ਬਣਤਰ ਹੀ ਇਸ ਤਰ੍ਹਾਂ ਹੈ ਕਿ ਔਰਤ ਨੂੰ ਹਮੇਸ਼ਾ ਹਰੇਕ ਪੱਖ ਤੋਂ ਦੂਜੇ ਦਰਜੇ ਤੇ ਹੀ ਰੱਖਿਆ ਜਾਂਦਾ ਹੈ। ਕਹਾਣੀ ਵਿਚ ਭਾਈ ਜੀ ਲਾੜੀ ਨੂੰ ਸੰਬੋਧਿਤ ਕਰਦੇ ਗੁਰਬਾਣੀ ਦੀਆਂ ਸਤਰਾਂ ਪੜ੍ਹਦੇ ਹਨ;

> ਨਿਵਣੁ ਸੁ ਅਖਰੁ ਖਵਣ ਗੁਣ ਜੀਭਾ ਮਣੀਆ ਮੰਤੁ
> ਇਹ ਤ੍ਰੈ ਭੈਣੇ ਵੇਸ ਕਰ ਤਾਂ ਵਸ ਆਵੈ ਕੰਤੁ[4]

ਕਹਾਣੀ ਵਿਚ ਔਰਤ ਨੂੰ ਦਿੱਤੀ ਸਿੱਖਿਆ ਸੁਣ ਕੇ ਪਾਤਰ ਜੀਤੋ ਦੇ ਉਦਾਸ ਹੋਣ ਦੇ ਨਾਲ-ਨਾਲ ਸਾਰੀਆਂ ਕਵਾਰੀਆਂ ਕੁੜੀਆਂ ਉਦਾਸ ਹੋ ਜਾਂਦੀਆਂ ਅਤੇ ਉਨ੍ਹਾਂ ਦਾ ਮਨ ਆਉਣ ਵਾਲੇ ਭਵਿੱਖ ਸੰਬੰਧੀ ਸੋਚ ਕੇ ਉਦਾਸੀ ਨਾਲ ਭਰ ਜਾਂਦਾ ਹੈ। ਔਰਤ ਮਨੁੱਖੀ ਸਮਾਜ ਦਾ ਅਭਿੰਨ ਅੰਗ ਹੈ ਉਸ ਤੋਂ ਬਿਨਾਂ ਮਨੁੱਖੀ ਜੀਵਨ/ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ, ਪਰ ਪੰਜਾਬੀ ਸਮਾਜ ਉਸ ਨੂੰ ਹਰੇਕ ਪੱਧਰ ਤੇ ਬੇਗਾਨਗੀ ਦਾ ਅਹਿਸਾਸ ਕਰਵਾਉਂਦਾ ਰਹਿੰਦਾ ਹੈ।

ਕਹਾਣੀ ਵਿਚਲੀ ਔਰਤ ਪਾਤਰ ਜੀਤੋ ਦਾ ਵਿਆਹ ਪਰਿਵਾਰ ਨੇ ਕੇਵਲ ਆਪਣੇ ਮਨ ਦੇ ਚਾਹ ਪੂਰੇ ਕਰਨ ਲਈ ਨਿਯਤ ਕਰ ਦਿੱਤਾ। ਅਸਲ ਵਿਚ ਸਾਡੇ ਸਮਾਜ ਦਾ ਇਹ ਦੁਖਾਂਤ ਹੈ ਕਿ ਔਰਤ ਭਾਵੇਂ ਧੀ ਦੇ ਰੂਪ ਵਿਚ ਹੋਵੇ, ਪਤਨੀ ਜਾਂ ਭੈਣ ਦੇ ਰੂਪ ਵਿਚ ਉਸ ਦੇ ਮਨੋਭਾਵਾਂ/ਮਰਜ਼ੀ ਦਾ ਖ਼ਿਆਲ ਰੱਖੇ ਬਿਨਾਂ ਪਰਿਵਾਰ ਵੱਲੋਂ ਆਪਣੀ ਇੱਛਾਵਾਂ ਉਸ ਉੱਤੇ ਲਾਗੂ ਕਰ ਦਿੱਤੀਆਂ ਜਾਂਦੀਆਂ ਹਨ।

> ਭਾਰਤੀ ਨਾਰੀ ਦੀ ਇਹ ਵਿਸ਼ੇਸ਼ ਸਮੱਸਿਆ ਹੈ ਕਿ ਉਹ ਸ਼ਾਦੀ ਦੇ ਪ੍ਰਬੰਧ ਵਿਚ ਅਸਹਿਜ ਹੁੰਦੀ ਹੋਈ ਵੀ ਖੁੱਲ੍ਹ ਕੇ ਰੋਹ ਕਰਨ ਦੀ ਥਾਂ, ਇਕ ਕਸਕ ਆਪਣੇ ਮਨ ਵਿਚ ਘੁੱਟ ਕੇ ਪਤੀ ਨਾਲ ਸਮਝੌਤਾ ਕਰ ਲੈਂਦੀ ਹੈ।[5]

ਘਰ ਜਾ ਆਪਣੇ ਕਹਾਣੀ ਦੀ ਮੁੱਖ ਪਾਤਰ ਜੀਤੋ ਦੇ ਵਿਆਹ ਲਈ ਸਮੁੱਚਾ ਪਰਿਵਾਰ ਇਸ ਕਰਕੇ ਵੀ ਰਾਜੀ ਸੀ ਕਿਉਂਕਿ ਉਹ ਕਿਸੇ ਦੀ ਧੀ, ਕਿਸੇ ਦੀ ਭੈਣ, ਕਿਸੇ ਦੀ ਦੋਹਤੀ ਸੀ। ਉਸ ਦੇ ਵਿਆਹ ਕਰਨ ਪਿੱਛੇ ਸਭ ਤੋਂ ਵੱਡਾ ਕਾਰਨ ਸਾਡੇ ਸਮਾਜ ਵਿਚ ਔਰਤ/ਲੜਕੀ ਨੂੰ ਭਾਰ/ਬੋਝ ਸਮਝਿਆ ਜਾਣਾ ਸੀ। ਸਾਰਾ ਪਰਿਵਾਰ ਉਸ ਦਾ ਵਿਆਹ ਕਰਕੇ ਸਿਰ ਦਾ ਭਾਰ ਹੌਲਾ ਕਰਨਾ ਚਾਹੁੰਦਾ ਸੀ, ਪਰ ਜਿਸ ਦਾ ਵਿਆਹ ਸੀ ਉਸ ਦੀਆਂ ਭਾਵਨਾਵਾਂ/ਸੱਧਰਾਂ ਨੂੰ ਸਮੁੱਚਾ ਪਰਿਵਾਰ ਅੱਖੋਂ ਪਰੋਖੇ ਕਰ ਦਿੰਦਾ ਹੈ। ਉਹ ਵਿਆਹ ਕਰਵਾਉਣ ਸੰਬੰਧੀ ਆਪਣੀ ਰਾਏ ਰੱਖ ਸਕਦੀ ਸੀ ਸਮਾਜ ਦੇ ਬਣਾਏ ਰੀਤੀ ਰਿਵਾਜ ਅਧੀਨ ਉਸ ਦੀਆਂ ਸਾਰੀਆਂ ਇੱਛਾਵਾਂ/ਭਾਵਨਾਵਾਂ ਦਾ ਦਮਨ ਹੋ ਜਾਂਦਾ ਹੈ ਜਾਂ ਉਨ੍ਹਾਂ ਨੂੰ ਦਬਾ ਦਿੱਤਾ ਜਾਂਦਾ ਹੈ, ਜਿਸ ਕਾਰਨ ਉਸ ਦੀ ਮਾਨਸਿਕ ਦਸ਼ਾ ਕਾਫ਼ੀ ਹੱਦ ਤੱਕ ਪ੍ਰਭਾਵਿਤ ਹੁੰਦੀ ਹੈ।

ਵਰਤਮਾਨ ਸਮੇਂ ਵਿਚ ਵੀ ਉੱਚ ਸਿੱਖਿਆ ਪ੍ਰਾਪਤ ਔਰਤ ਨੂੰ ਭਾਰਤੀ ਮਰਿਆਦਾ ਅਨੁਸਾਰ ਆਪਣੇ ਸਹੁਰੇ ਘਰ ਵਿਚ ਪਤੀ ਅਤੇ ਸਮੁੱਚੇ ਸਹੁਰੇ ਪਰਿਵਾਰ ਦੀ ਅਧੀਨਗੀ ਕਿਸੇ ਨਾ ਕਿਸੇ ਰੂਪ ਵਿਚ ਸਹਿਮ ਕਰਨੀ ਪੈਂਦੀ ਹੈ। ਅਜਿਹੀ ਅਧੀਨਗੀ ਅਤੇ ਸਹਿਮ ਕਾਰਨ ਕਈ ਵਾਰ ਔਰਤਾਂ ਮਾਨਸਿਕ ਬਿਮਾਰੀਆਂ/ਡਿਪਰੈਸ਼ਨ ਆਦਿ ਦਾ ਸ਼ਿਕਾਰ ਵੀ ਹੋ ਜਾਂਦੀਆਂ।

**II**

'ਸਤੀਆ ਸੇਈ' ਕਹਾਣੀ ਪੰਜਾਬੀ ਸਾਹਿਤ ਦੇ ਖੇਤਰ ਦੀ ਮਕਬੂਲ ਕਹਾਣੀਕਾਰਾ ਦਲੀਪ ਕੌਰ ਟਿਵਾਣਾ ਵੱਲੋਂ ਲਿਖੀ ਗਈ ਹੈ। ਦਲੀਪ ਕੌਰ ਟਿਵਾਣਾ ਦੀ ਕਹਾਣੀ "ਸਤੀਆ ਸੇਈ" ਇਕ ਔਰਤ ਦੀ ਅਟੱਲਤਾ, ਆਤਮ-ਗੌਰਵ ਅਤੇ ਤਿਆਗ ਦਾ ਪ੍ਰਸਤੁਤੀਕਰਨ ਹੈ। ਇਹ ਕਹਾਣੀ ਸ਼ਹੀਦ ਭਗਤ ਸਿੰਘ ਦੀ ਮੰਗੇਤਰ ਦੇ ਜੀਵਨ ਉੱਤੇ ਆਧਾਰਤ ਹੈ, ਜੋ ਉਸ ਦੀ ਸ਼ਹਾਦਤ ਤੋਂ ਬਾਅਦ ਵੀ ਪਿਆਰ, ਉਡੀਕ ਅਤੇ ਸੰਘਰਸ਼ ਨਾਲ ਭਰੀ ਹੋਈ ਜ਼ਿੰਦਗੀ ਗੁਜ਼ਾਰਦੀ ਹੈ। ਇਸ ਕਹਾਣੀ ਨੂੰ ਔਰਤ ਦੀ ਮਾਨਸਿਕਤਾ ਦੇ ਪ੍ਰਸੰਗ ਤੋਂ ਵਾਚਿਆ ਜਾ ਸਕਦਾ ਹੈ। ਇਹ ਸਮੁੱਚੀ ਕਹਾਣੀ ਭਾਰਤੀ ਸਮਾਜ ਦੀ ਪਰੰਪਰਾ ਔਰਤ ਦੇ ਆਪਣੇ ਪਤੀ ਦੀ ਲਾਸ਼ ਨਾਲ ਸੜ ਕੇ ਸਤੀ ਹੋਣ ਨੂੰ ਨਵੇਂ ਅਰਥਾਂ ਵਿਚ ਪਰਿਭਾਸ਼ਤ ਕਰਦੀ ਹੈ। ਕਹਾਣੀਕਾਰਾ ਨੇ ਕਹਾਣੀ ਦੀ ਮੁੱਖ ਪਾਤਰ ਸ਼ਹੀਦ ਭਗਤ ਸਿੰਘ ਦੀ ਮੰਗੇਤਰ ਦੇ ਮਨ ਦੀਆਂ ਭਾਵਨਾਵਾਂ ਨੂੰ ਬੜੇ ਹੀ ਭਾਵਪੂਰਨ ਢੰਗ ਨਾਲ ਵਿਅਕਤ ਕੀਤਾ ਹੈ।

ਭਾਰਤੀ ਪਰੰਪਰਾ ਵਿਚ ਜਦੋਂ ਪਤੀ ਦੀ ਮੌਤ ਹੋ ਜਾਂਦੀ ਸੀ ਤਾਂ ਉਸ ਦੀ ਪਤਨੀ ਨੂੰ ਵੀ ਉਸ ਦੀ ਚਿਖਾ ਵਿਚ ਜਲ ਕੇ ਮਰਨਾ/ਸੜਨਾ ਪੈਂਦਾ ਸੀ। ਪਰੰਤੂ ਹਥਲੀ ਕਹਾਣੀ ਵਿਚ ਸਤੀ ਨੂੰ ਵੱਖਰੇ ਸੰਦਰਭ ਵਿਚ ਪਰਿਭਾਸ਼ਤ ਕਰਕੇ ਨਵੇਂ ਸਿਰੇ ਤੋਂ ਅਰਥ ਪ੍ਰਦਾਨ ਕੀਤੇ ਗਏ ਹਨ ਕਿ ਸਤੀ ਉਹ ਨਹੀਂ ਜੋ ਪਤੀ ਦੀ ਮੌਤ ਨਾਲ ਚਿਖਾ ਵਿਚ ਸੜ ਕੇ ਮਰ ਜਾਂਦੀ ਹੈ ਸਗੋਂ ਅਸਲ ਵਿਚ ਸਤੀ ਉਹ ਔਰਤ ਹੈ ਜੋ ਆਪਣੇ ਪਤੀ ਦੇ ਮਰਨ ਦੇ ਨਾਲ ਨਹੀਂ ਮਰਦੀ ਅਤੇ ਉਸ ਦੀ ਯਾਦ ਵਿਚ ਆਪਣਾ ਜੀਵਨ ਬਤੀਤ ਕਰਦੀ ਜੀਵਨ ਸੰਘਰਸ਼ ਕਰਦੀ ਹੈ। ਇਸ ਕਹਾਣੀ ਦੀ ਪਾਤਰ ਜੋ ਸ਼ਹੀਦ ਭਗਤ ਸਿੰਘ ਦੀ ਮੰਗੇਤਰ ਹੈ। ਉਸ ਨੂੰ ਭਗਤ ਸਿੰਘ ਦੀ ਸ਼ਹੀਦੀ ਦਾ ਪਤਾ ਚਲਦਾ ਹੈ ਤਾਂ ਉਹ ਉਸ ਦੀਆਂ ਯਾਦਾਂ ਅਤੇ ਵਿਛੋੜੇ ਵਿਚ ਆਪਣੀ ਸਾਰਾ ਜੀਵਨ ਗੁਜ਼ਾਰ ਦਿੰਦੀ ਹੈ।

ਹਰੇਕ ਔਰਤ ਦੇ ਮਨ ਵਿਚ ਆਪਣੇ ਜੀਵਨ ਸਾਥੀ ਨਾਲ ਮਨ ਦੇ ਚਾਅ, ਭਾਵਨਾਵਾਂ ਅਤੇ ਵਲਵਲੇ ਸਾਂਝੇ ਕਰ ਜੀਵਨ ਗੁਜ਼ਾਰਨ ਦੀਆਂ ਸੱਧਰਾਂ ਹੁੰਦੀਆਂ ਹਨ। ਕਹਾਣੀ ਦੀ ਮੁੱਖ ਪਾਤਰ ਭਗਤ ਸਿੰਘ ਦੀ ਸ਼ਹੀਦੀ ਨਾਲ ਨਾ ਤਾਂ ਸੜ ਕੇ ਸਤੀ ਹੁੰਦੀ ਅਤੇ ਨਾ ਹੀ ਉਸ ਨੂੰ ਭੁਲਾ ਕੇ ਜੀਵਨ ਸਾਥੀ ਚੁਣਦੀ ਹੈ। ਉਹ ਆਪਣੇ ਸਾਰੇ ਚਾਅ ਤੇ ਵਲਵਲਿਆਂ ਨੂੰ ਆਪਣੇ ਮਨ ਵਿਚ ਹੀ ਦੱਬ ਲੈਂਦੀ ਹੈ। ਕਹਾਣੀ ਦੀ ਮੁੱਖ ਪਾਤਰ ਮਾਨਸਿਕ ਪੱਥਰ ਤੇ ਇੰਨੀ ਤਕੜੀ ਹੈ ਕਿ ਉਹ ਆਪਣੇ ਮੰਗੇਤਰ ਭਗਤ ਸਿੰਘ ਨੂੰ ਕੇਵਲ ਇਕ ਵਾਰ ਪਿੰਡ ਦੀ ਫਿਰਨੀ ਤੇ ਕੁਝ ਮਿੰਟ ਲਈ ਮਿਲੀ ਸੀ। ਇਹ ਛੋਟੀ ਜਿਹੀ ਮੁਲਾਕਾਤ ਹੀ ਉਸ ਦੇ ਜਿਊਣ ਦਾ ਸਹਾਰਾ ਬਣ ਜਾਂਦੀ ਹੈ ਅਤੇ ਸਮੁੱਚੀ ਜ਼ਿੰਦਗੀ ਯਾਦਾਂ ਦੇ ਵਿਚ ਗੁਜ਼ਾਰ ਦਿੰਦੀ ਹੈ।

ਜਦੋਂ ਵੀ ਔਰਤ ਆਪਣੀ ਜ਼ਿੰਦਗੀ ਵਿਚ ਅਜਿਹੇ ਦੁੱਖ ਦਾ ਸ਼ਿਕਾਰ ਹੁੰਦੀ ਹੈ ਤਾਂ ਭਾਰਤੀ ਸਮਾਜ ਵਿਚ ਉਸ ਉੱਪਰ ਕਈ ਤਰ੍ਹਾਂ ਦੀਆਂ ਤੋਹਮਤਾਂ ਲਾਈਆਂ ਜਾਂਦੀਆਂ ਹਨ। ਇਕ ਔਰਤ ਦਾ ਅਜਿਹੇ ਸਮਾਜ ਵਿਚ ਇਕੱਲੇ ਜੀਵਨ ਬਤੀਤ ਕਰਨਾ ਸੌਖਾ ਨਹੀਂ ਹੁੰਦਾ। ਪਰ ਕਹਾਣੀ ਵਿਚਲੀ ਪਾਤਰ ਦੇ ਸਿਰੜ ਅਤੇ ਮਜ਼ਬੂਤ ਮਾਨਸਿਕਤਾ ਬਾਬਤ ਕਹਾਣੀਕਾਰਾ ਕਹਿੰਦੀ ਹੈ:

> ਉਹਦਾ ਸਿਦਕ, ਉਹਦਾ ਸਾਹਸ, ਉਹਦਾ ਸਿਰੜ ਦੇਖ, ਮੇਰਾ ਦਿਲ ਕਰੇ ਇਸ ਮਹਾਨ ਔਰਤ ਦੇ ਪੈਰ ਛੂਹ ਲਵਾਂ।[6]

ਸਤੀਆ ਸੇਈ ਕਹਾਣੀ ਦੀ ਮੁੱਖ ਪਾਤਰ ਭਗਤ ਸਿੰਘ ਦੀ ਮੰਗੇਤਰ ਇਕ ਆਤਮ-ਨਿਰਭਰ ਅਤੇ ਮਜ਼ਬੂਤ ਔਰਤ ਦੀ ਪ੍ਰਤੀਕ ਹੈ। ਉਹ ਆਪਣੀ ਜ਼ਿੰਦਗੀ ਬਸਰ ਕਰਨ ਲਈ ਕਿਸੇ ਵੀ ਅੱਗੇ ਹੱਥ ਨਹੀਂ ਅੱਡਦੀ ਅਤੇ ਨਾ ਹੀ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਲੈਂਦੀ। ਇਹ ਉਸ ਦੀ ਮਜ਼ਬੂਤ ਸ਼ਖ਼ਸੀਅਤ ਅਤੇ ਆਤਮ-ਗੌਰਵ ਨੂੰ ਪ੍ਰਗਟਾਉਂਦਾ ਹੈ।

> ਇੱਕ ਸ਼ਹੀਦ ਦੀ ਮੰਗੇਤਰ ਹੋ ਕੇ ਮੈਂ ਸਹਾਇਤਾ ਮੰਗਣੀ ਚੰਗੀ ਨਹੀਂ ਲੱਗਦੀ।[7]

ਇਸ ਕਹਾਣੀ ਵਿਚ ਔਰਤ ਸਮਾਜ ਦੀ ਬੇਰੁਖ਼ੀ ਦਾ ਸ਼ਿਕਾਰ ਹੁੰਦੀ ਪ੍ਰਤੀਤ ਹੁੰਦੀ ਹੈ। ਕਹਾਣੀਕਾਰਾ ਸ਼ਹੀਦ ਭਗਤ ਦੀ ਮੰਗੇਤਰ ਰਾਹੀਂ ਸਮਾਜ ਦੀ ਉਸ ਅਣਦੇਖੀ ਹੋਈ ਦ੍ਰਿਸ਼ਟੀ ਨੂੰ ਉਘਾੜਦੀ ਹੈ, ਜੋ ਸ਼ਹੀਦਾਂ ਨੂੰ ਯਾਦ ਤਾਂ ਰੱਖਦਾ ਹੈ, ਪਰ ਉਨ੍ਹਾਂ ਦੀਆਂ ਔਰਤਾਂ ਦੀ ਪੀੜਾ ਅਤੇ ਜੀਵਨ ਸੰਘਰਸ਼ ਪ੍ਰਤੀ ਧਿਆਨ ਨਹੀਂ ਦਿੰਦਾ। ਸ਼ਹੀਦਾਂ ਦੀਆਂ ਪਿੱਛੇ ਰਹਿ ਗਈਆਂ ਔਰਤਾਂ ਨੂੰ ਸਮਾਜ ਦੀ ਬੇਰੁਖ਼ੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਕਹਾਣੀ ਦੀ ਮੁੱਖ ਪਾਤਰ ਸ਼ਹੀਦ ਭਗਤ ਸਿੰਘ ਦੀ ਮੰਗੇਤਰ ਨੇ ਸਾਰੀ ਜ਼ਿੰਦਗੀ ਭਰ ਵੱਖ-ਵੱਖ ਕਾਰਜਾਂ ਵਿਚ ਮਿਹਨਤ ਮਜ਼ਦੂਰੀ ਕਰਕੇ ਆਪਣਾ ਜੀਵਨ ਬਤੀਤ ਕੀਤਾ ਪਰ ਸਮਾਜ ਨੇ ਨਾ ਤਾਂ ਉਸ ਦੀ ਕੋਈ ਪਰਵਾਹ ਕੀਤੀ ਅਤੇ ਨਾ ਬਣਦਾ ਮਾਣ ਸਨਮਾਨ ਦਿੱਤਾ।

ਇਸ ਪ੍ਰਕਾਰ ਦੋ ਵੱਖ-ਵੱਖ ਕਹਾਣੀਆਂ ਦਾ ਅਧਿਐਨ ਕਰਨ ਉਪਰੰਤ ਸਾਹਮਣੇ ਆਉਂਦਾ ਹੈ ਕਿ ਔਰਤ ਸਮਾਜ ਦਾ ਅਭਿੰਨ ਅੰਗ ਹੈ। ਔਰਤ ਤੋਂ ਬਗੈਰ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਔਰਤ ਸਮਾਜ ਦਾ ਥੰਮ੍ਹ ਹੈ ਜਿਸ ਤੋਂ ਬਿਨਾ ਸਮਾਜ ਦੀ ਕੋਈ ਹੋਂਦ ਨਹੀਂ ਹੈ। ਪਹਿਲੀ ਕਹਾਣੀ ਘਰ ਜਾ ਆਪਣੇ ਵਿਚ ਔਰਤ ਨੂੰ ਬਗਾਨੇ ਧਨ ਅਤੇ ਬੋਝ ਦੇ ਤੌਰ ਤੇ ਪ੍ਰਸਤੁਤ ਕੀਤਾ ਗਿਆ ਹੈ, ਜੋ ਸਾਡੇ ਸਮਾਜ ਦਾ ਵੱਡਾ ਦੁਖਾਂਤ ਹੈ। ਔਰਤ ਜੋ ਜਣਨੀ ਹੈ ਉਸ ਨੂੰ ਪਰਿਵਾਰ ਵਾਲੇ ਬੋਝ ਸਮਝਣ ਲੱਗ ਜਾਂਦੇ ਹਨ ਅਤੇ ਔਰਤ ਦੇ ਜਨਮ ਉੱਪਰ ਅਫ਼ਸੋਸ ਵੀ ਜਤਾਇਆ ਜਾਂਦਾ ਹੈ। ਉੱਥੇ ਹੀ ਦੂਜੀ ਕਹਾਣੀ ਸਤੀਆ ਸੇਈ ਵਿਚ ਵੀ ਔਰਤ ਪ੍ਰਤੀ ਸਮਾਜ ਦੀ ਨੀਰਸਤਾ ਅਤੇ ਔਰਤ ਦੇ ਸਿਰੜ ਨੂੰ ਵਿਅਕਤ ਕੀਤਾ ਗਿਆ ਹੈ। ਦੇਸ਼ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ

ਸ਼ਹੀਦਾਂ ਦੇ ਪਰਿਵਾਰ(ਔਰਤਾਂ/ਮਾਤਾਵਾਂ/ਪਤਨੀ/ਮੰਗੇਤਰ) ਲਈ ਸਮਾਜ ਕੋਈ ਯੋਗਦਾਨ ਨਹੀਂ ਪਾਉਂਦਾ। ਸਮਾਜ ਵੱਲੋਂ ਕੀਤਾ ਜਾਂਦਾ ਇਵੇਂ ਦਾ ਵਿਹਾਰ ਉਨ੍ਹਾਂ ਨੂੰ ਓਪਰੇਪਣ ਦਾ ਅਹਿਸਾਸ ਕਰਵਾਉਂਦਾ ਹੈ।

**ਹਵਾਲੇ :**


1. https://www.punjabikahani.punjabi-kavita.com/**GharJaAapneGulzarSinghSandhu**.php
2. ਉਹੀ.
3. ਉਹੀ.
4. ਉਹੀ.
5. ਡਾ. ਨਵਜੋਤ ਕੌਰ, **ਪੰਜਾਬੀ ਕਹਾਣੀ: ਵਿਵਰਜਿਤ ਰਿਸ਼ਤੇ ਅਤੇ ਔਰਤ ਪੇਸ਼ਕਾਰੀ**, ਪੰਨਾ-18.
6. https://www.punjabikahani.punjabi-kavita.com/**SatianSeiDalipKaurTiwana**.php
7. ਉਹੀ.